Insert Personal Education Number (PEN) here.

Insert **only** pre-printed PEN label here.

## STUDENT INSTRUCTIONS

1. Insert the stickers with your Personal Education Number (PEN) in the allotted spaces above. **Under no circumstance is your name or identification, other than your Personal Education Number, to appear on this booklet.**
2. Ensure that in addition to this examination booklet, you have an **Examination Response Form**. Follow the directions on the front of the Response Form.
3. **Disqualification** from the examination will result if you bring books, paper, notes or unauthorized electronic devices into the examination room.
4. When instructed to open this booklet, **check the numbering of the pages** to ensure that they are numbered in sequence from page one to the last page, which is identified by

   **END OF EXAMINATION** .

5. At the end of the examination, place your Response Form inside the front cover of this booklet and return the booklet and your Response Form to the supervisor.

BRITISH COLUMBIA

© 2000 Ministry of Education

# PUNJABI 12

# JUNE 2000

COURSE CODE = PUN

Insert **only** hand-printed PEN here.

Ministry use only.

Question 1:

1. [ ][ ] . [ ]

(10)

Question 2:

2. [ ] . [ ]

(5)

Question 3:

3. [ ] . [ ]

(1)

Question 4:

4. [ ] . [ ]

(1)

Question 5:

5. [ ] . [ ]

(2)

Question 6:

6. [ ] . [ ]

(1)

Question 7:

7. [ ] . [ ]

(1)

Question 8:

8. [ ] . [ ]

(1)

Question 9:

9. [ ] . [ ]

(3)

Question 10:

10. [ ] . [ ]

(1)

Question 11:

11. [ ] . [ ]

(2)

Question 12:

12. [ ] . [ ]

(1)

Question 13:

13. [ ] . [ ]

(1)

Question 14:

14. [ ][ ] . [ ]

(10)

Question 15:

15. [ ][ ] . [ ]

(10)

Question 16:

16. [ ][ ] . [ ]

(10)

# PUNJABI 12

## JUNE 2000

COURSE CODE = PUN

## GENERAL INSTRUCTIONS

1. Electronic devices, including dictionaries and pagers, are **not** permitted in the examination room.

2. All multiple-choice answers must be entered on the Response Form using an **HB pencil**. Multiple-choice answers entered in this examination booklet will **not** be marked.

   There is a number on the Response Form for each multiple-choice question in this examination booklet. When you answer each question, make sure that the number on the Response Form is the same as the number in this examination booklet.

3. For each of the written-response questions, write your answer in **ink** in the space provided in this booklet.

4. Ensure that you use language and content appropriate to the purpose and audience of this examination. Failure to comply may result in your paper being awarded a zero.

5. This examination is designed to be completed in **two hours**. *Students may, however, take up to 30 minutes of additional time to finish*.

# PUNJABI 12 PROVINCIAL EXAMINATION

1. This examination consists of **four** parts:

| | | **Value** | **Suggested Time** |
|---|---|---|---|
| PART A: | Interpersonal Communication – Language Elements | | |
| | Section 1: Language Elements A | 10 | 5 |
| | Section 2: Language Elements B | 10 | 10 |
| PART B: | Creative Written Works | | |
| | Section 3: Fiction (Prose) | 10 | 20 |
| | Section 4: Fiction (Drama) | 10 | 15 |
| PART C: | Informational Communication | | |
| | Section 5: Non-Fiction (Journalistic Prose) | 10 | 20 |
| | Section 6: Non-Fiction (Authentic Document) | 10 | 20 |
| PART D: | Interpersonal Communication – Written Expression | | |
| | Section 7: Story Completion | 10 | 10 |
| | Section 8: Letter | 10 | 10 |
| | Section 9: Map Directions | 10 | 10 |
| | **Total:** | **90 marks** | **120 minutes** |

**THIS PAGE INTENTIONALLY BLANK**

## PART A: INTERPERSONAL COMMUNICATION – LANGUAGE ELEMENTS
## SECTION 1: LANGUAGE ELEMENTS A

**Value: 10 marks** **Suggested Time: 5 minutes**

**INSTRUCTIONS:** For questions 1 to 10, select the answer that **best** completes the sentence and record your choice on the Response Form provided. Using an HB pencil, completely fill in the circle that has the letter corresponding to your answer.

1. ਇਹ ਘੋੜਾ ਬਹੁਤ ਤੇਜ਼ ___________ ਹੈ ।

A. ਦੌੜ
B. ਦੌੜਦਾ
C. ਦੌੜਣਾ
D. ਭੱਜਣਾ

2. ਕਦੀ ਵੀ ਕਿਸੇ ਵੀ ਨਸ਼ੇ ਹੇਠਾਂ ਕਾਰ ਨਹੀਂ ___________ ਚਾਹੀਦੀ ।

A. ਬੰਦ
B. ਬੈਠਣਾ
C. ਚਲਾਉਣੀ
D. ਚਲਾਉਣਾ

3. ਮੈਨੂੰ ਹਨੇਰੇ ___________ ਬਹੁਤ ਡਰ ਲਗਦਾ ਹੈ ।

A. ਤੇ
B. ਤੋਂ
C. ਕੋਲ
D. ਵਿਚੋਂ

4. ___________ ਦੋ ਭੈਣਾਂ ਹਨ ।

A. ਮੈਂ
B. ਮੈਨੂੰ
C. ਸਾਡੀ
D. ਮੇਰੀਆਂ

**OVER**

5. ਮੈਂ ਬਹੁਤ __________ ਕੰਮ ਤੇ ਜਾਣਾ ਹੈ।

A. ਚੰਗਾ
B. ਜ਼ਰੂਰ
C. ਜ਼ਰੂਰੀ
D. ਆਫ਼ਿਸ

6. ਸਾਡੇ ਕੋਠੇ ਤੇ ਅੱਜ ਕਾਂ ਰੌਲਾ ਪਾ ਰਿਹਾ __________ ।

A. ਹੈ
B. ਹੋ
C. ਹਨ
D. ਸਨ

7. ਤੁਸੀਂ __________ ਵਜੇ ਜਾਣਾ ਹੈ ?

A. ਕਿਥੇ
B. ਕਦੋਂ
C. ਕਿੰਨੇ
D. ਕਿਥੋਂ

8. ਮੈਂ ਕਪੜੇ __________ ਕਰ ਰਹੀ ਹਾਂ।

A. ਧੋ
B. ਸੁਕਾ
C. ਵਿਛਾ
D. ਪਰੈੱਸ

9. ਵਿਆਹ ਬਹੁਤ ਸੋਹਣਾ ਹੋਇਆ ਅਤੇ ਸਭ __________ ਠੀਕ ਰਿਹਾ।

A. ਕੁੱਲ
B. ਕੁਝ
C. ਖੁਸ਼
D. ਕਿਹੜਾ

10. ਮੈਂ ਤੁਹਾਡੇ ਨਾਲ ਬਿਲਕੁਲ __________ ਹਾਂ।

A. ਸੇਹਮਤ
B. ਸੇਹਿਮਤ
C. ਸੇਹਿੰਮਤ
D. ਸਹਿਮਤ

## SECTION 2: LANGUAGE ELEMENTS B

**Value: 10 marks** **Suggested Time: 10 minutes**

| | |
|---|---|
| **INSTRUCTIONS:** | Read the following passage carefully. Fill in each of the blanks with an appropriate word or phrase in **Punjabi** that is consistent with the context of the passage. In order to provide you with freedom of expression, most blanks have at least two correct responses. |

### ਹੱਸਣਾ

ਅੱਜ ਦੀ ਰੁਝੇਵਿਆਂ (busy) ਭਰੀ ਜ਼ਿੰਦਗੀ ਵਿੱਚ ਸਾਨੂੰ ਇਕੱਠੇ ਬੈਠ ਕੇ ਖੁੱਲ੍ਹ ਕੇ, ਖਿੜਖਿੜਾ ਕੇ ਹੱਸਣ ਦਾ ਸਮਾਂ ਬਹੁਤ ਹੀ ਘੱਟ ਮਿਲਦਾ ਹੈ। ਹੱਸਣਾ ਖੁਸ਼ੀ ਦੀ ਨਿਸ਼ਾਨੀ ਹੈ। ਹੱਸਣ ਨਾਲ ਫੇਫੜਿਆਂ (lungs) ਦੀ ਕਸਰਤ (exercise) ਹੁੰਦੀ ਹੈ। ਹੱਸਣ ਨਾਲ ਸਰੀਰ, ਮਨ ਅਤੇ ਆਤਮਾ ________ (1a) ਰਹਿੰਦੇ ਹਨ। ਇੱਕ ਨੂੰ ਹੱਸਦਾ ਦੇਖ ਕੇ ਦੂਸਰੇ ਦਾ ਹਾਸਾ ਆਪਣੇ ਆਪ ਹੀ ਨਿਕਲ ਜਾਂਦਾ ਹੈ। ________ (1b) ਬੱਚੇ ਨੂੰ ਉੱਚੀ ਹੱਸਦਾ ਦੇਖ ਕੇ ਮਾਂ ਦਾ ਮਨ ਆਪੇ ਹੀ ਖੁਸ਼ ਹੋ ਜਾਂਦਾ ਹੈ। ਹੱਸਦੇ ਖੇਡਦੇ ਮਨੁੱਖ ਨਾਲ ਹਰ ਕੋਈ ਦੋਸਤੀ ________ (1c) ਚਾਹੁੰਦਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਹੱਸਣ ਨਾਲ ________ (1d) ਦੀ ਉਮਰ ਵੱਧਦੀ ਹੈ। ਹੱਸਣ ਦਾ ਕੋਈ ਮੁੱਲ ਨਹੀਂ ________ (1e) । ਅਮੀਰ-ਗਰੀਬ, ਛੋਟੇ-ਵੱਡੇ ਸਾਰਿਆਂ ਨੂੰ ਹੀ ਹੱਸਣ ਦਾ ਪੂਰਾ ਪੂਰਾ ________ (1f) ਹੈ। ਹੱਸਣਾ ਹਸਾਉਣਾ ਸਿੱਖਣ ________ (1g) ਕਿਸੇ ਸਕੂਲ ਨਹੀਂ ਜਾਣਾ ਪੈਂਦਾ। ਇਹ ਕਲਾ ਆਪ ਖੁਸ਼ ਰਹਿਣ ਅਤੇ ਦੂਸਰਿਆਂ ਨੂੰ ਖੁਸ਼ ________ (1h) ਨਾਲ ਆਪੇ ਹੀ ਆ ਜਾਂਦੀ ਹੈ। ਹੱਸਦਾ ਮਨੁੱਖ ਕਿਸੇ ਦਾ ਦਿਲ ਦੁਖਾਉਣ ਤੋਂ ________ (1i) ਰਹਿੰਦਾ ਹੈ।

ਸੋ ਆਉ, ਅਸੀਂ ਸਾਰੇ ਇੱਕੀਵੀਂ ਸਦੀ ਵੱਲ ਵੱਧਦਿਆਂ ਇਹ ________ (1j) ਕਰੀਏ ਕਿ ਅਸੀਂ ਸਾਰੇ ਹੱਸਣ ਹਸਾਉਣ ਲਈ ਸਮਾਂ ਕਢਾਂਗੇ। ਆਪ ਵੀ ਖੁਸ਼ ਰਹਾਂਗੇ ਅਤੇ ਆਪਣੇ ਆਲੇ ਦੁਆਲੇ ਵੀ ਖੁਸ਼ੀਆਂ ਵੰਡਾਂਗੇ।

**OVER**

## PART B: CREATIVE WRITTEN WORKS
## SECTION 3: FICTION (PROSE)

**Value: 10 marks** **Suggested Time: 20 minutes**

**INSTRUCTIONS:** Read the following passage carefully. For questions 11 to 15, select the **best** answer and record your choice on the Response Form provided.

### ਈਮਾਨਦਾਰੀ

ਈਮਾਨਦਾਰੀ (honesty) ਸਭ ਤੋਂ ਚੰਗੀ ਨੀਤੀ (policy) ਹੈ। ਈਮਾਨਦਾਰੀ ਦਾ ਫਲ ਹਮੇਸ਼ਾਂ ਮਿੱਠਾ ਹੁੰਦਾ ਹੈ। ਈਮਾਨਦਾਰੀ ਮਨੁੱਖ ਨੂੰ ਹੀਰੇ (diamond) ਵਰਗਾ ਬਣਾ ਦਿੰਦੀ ਹੈ। ਛੋਟੇ ਹੁੰਦੇ ਮੇਰੇ ਦਾਦੀ ਜੀ ਇੱਕ ਲੱਕੜਹਾਰੇ (wood-cutter) ਦੀ ਕਹਾਣੀ ਸੁਣਾਇਆ ਕਰਦੇ ਸੀ। ਉਹ ਬਹੁਤ ਈਮਾਨਦਾਰ ਅਤੇ ਸੱਚਾ ਆਦਮੀ ਸੀ। ਰੋਜ਼ ਜੰਗਲ ਵਿੱਚ ਜਾ ਕੇ ਲੱਕੜਾਂ ਕੱਟਦਾ ਅਤੇ ਫਿਰ ਉਨ੍ਹਾਂ ਨੂੰ ਵੇਚ ਕੇ ਘਰ ਦਾ ਗੁਜ਼ਾਰਾ ਚਲਾਉਂਦਾ ਸੀ।

ਇੱਕ ਦਿਨ ਉਹ ਨਦੀ ਕਿਨਾਰੇ ਲੱਕੜਾਂ ਕੱਟ ਰਿਹਾ ਸੀ ਕਿ ਉਸਦੇ ਕੁਹਾੜੇ (axe) ਦਾ ਦਸਤਾ (handle) ਟੁੱਟ ਗਿਆ। ਕੁਹਾੜਾ ਨਦੀ ਵਿੱਚ ਡਿੱਗ ਪਿਆ। ਉਹ ਬਹੁਤ ਉਦਾਸ ਹੋ ਗਿਆ। ਇਹ ਕੁਹਾੜਾ ਹੀ ਤਾਂ ਉਸਦਾ ਸਹਾਰਾ ਸੀ। ਉਹ ਉੱਚੀ ਉੱਚੀ ਰੋਣ ਲੱਗ ਪਿਆ।

ਲੱਕੜਹਾਰੇ ਦੇ ਰੋਣ ਦੀ ਆਵਾਜ਼ ਸੁਣ ਕੇ ਪਾਣੀ ਦਾ ਦੇਵਤਾ (god) ਪਾਣੀ ਵਿਚੋਂ ਬਾਹਰ ਨਿਕਲਿਆ। ਉਸਨੇ ਲੱਕੜਹਾਰੇ ਨੂੰ ਰੋਣ ਦਾ ਕਾਰਣ ਪੁਛਿਆ। ਲੱਕੜਹਾਰੇ ਨੇ ਦੇਵਤੇ ਨੂੰ ਦੱਸਿਆ ਕਿ ਇਸ ਤਰ੍ਹਾਂ ਮੇਰਾ ਕੁਹਾੜਾ, ਮੇਰੀ ਰੋਟੀ ਦਾ ਸਾਧਨ (source), ਪਾਣੀ ਵਿੱਚ ਡਿੱਗ ਪਿਆ ਹੈ। ਦੇਵਤੇ ਨੂੰ ਉਸ ਤੇ ਤਰਸ ਆ ਗਿਆ। ਉਸਨੇ ਪਾਣੀ ਵਿੱਚ ਚੁੱਭੀ ਮਾਰੀ। ਕੁਝ ਦੇਰ ਬਾਅਦ ਜਦੋਂ ਦੇਵਤਾ ਬਾਹਰ ਨਿਕਲਿਆ ਤਾਂ ਉਸਦੇ ਹੱਥ ਵਿੱਚ ਸੋਨੇ ਦਾ ਕੁਹਾੜਾ ਸੀ। ਉਸਨੇ ਲੱਕੜਹਾਰੇ ਨੂੰ ਕਿਹਾ, "ਇਹ ਲਓ, ਰੋਵੋ ਨਾ, ਮੈਂ ਤੁਹਾਡਾ ਕੁਹਾੜਾ ਕੱਢ ਲਿਆਇਆਂ ਹਾਂ।" ਲੱਕੜਹਾਰਾ ਇਹ ਸੁਣ ਕੇ ਖੁਸ਼ ਹੋ ਗਿਆ। ਪਰ ਉਸਨੇ ਜਦੋਂ ਅੱਖਾਂ ਸਾਫ ਕੀਤੀਆਂ ਤਾਂ ਦੇਖਿਆ ਕਿ ਇਹ ਕੁਹਾੜਾ ਤਾਂ ਸੋਨੇ ਦਾ ਸੀ। ਉਸਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਨਹੀਂ ਇਹ ਕੁਹਾੜਾ ਉਸਦਾ ਨਹੀਂ ਹੈ।

ਦੇਵਤੇ ਨੇ ਫਿਰ ਪਾਣੀ ਵਿੱਚ ਚੁੱਭੀ ਮਾਰੀ ਅਤੇ ਇੱਕ ਚਾਂਦੀ ਦਾ ਕੁਹਾੜਾ ਕੱਢ ਲਿਆਂਦਾ। ਲੱਕੜਹਾਰੇ ਨੇ ਫਿਰ ਨਾਂਹ ਕਰ ਦਿੱਤੀ। ਦੇਵਤੇ ਨੇ ਫਿਰ ਪਾਣੀ ਵਿੱਚੋਂ ਲੱਕੜਹਾਰੇ ਦਾ ਲੋਹੇ ਦਾ ਕੁਹਾੜਾ ਕੱਢ ਲਿਆਂਦਾ। ਲੱਕੜਹਾਰਾ ਆਪਣਾ ਕੁਹਾੜਾ ਦੇਖ ਕੇ ਖੁਸ਼ ਹੋ ਗਿਆ ਤੇ ਕਹਿਣ ਲੱਗਾ, "ਹਾਂ ਜੀ, ਇਹੀ ਕੁਹਾੜਾ ਮੇਰਾ ਹੈ!" ਦੇਵਤਾ ਲੱਕੜਹਾਰੇ ਦੀ ਈਮਾਨਦਾਰੀ ਦੇਖ ਕੇ ਖੁਸ਼ ਹੋ ਗਿਆ ਅਤੇ ਉਸਨੇ ਤਿੰਨੋਂ ਹੀ ਕੁਹਾੜੇ ਉਸਨੂੰ ਦੇ ਦਿੱਤੇ।

11. ਲਿਖਾਰੀ ਨੂੰ ਇਹ ਕਹਾਣੀ ਕਿਸ ਨੇ ਸੁਣਾਈ ਸੀ ?

A. ਦੇਵਤਾ
B. ਦਾਦੀ ਜੀ
C. ਲੱਕੜਹਾਰਾ
D. ਸੋਨੇ ਦਾ ਕੁਹਾੜਾ

12. ਲੱਕੜਹਾਰਾ ਕਿਉਂ ਰੋ ਰਿਹਾ ਸੀ ?

A. ਉਸਦਾ ਪੈਰ ਦੁੱਖਦਾ ਸੀ ।
B. ਉਸਨੇ ਦੇਵਤੇ ਨੂੰ ਚੋਟ ਪਹੁੰਚਾਈ ਸੀ ।
C. ਉਹ ਬੇਈਮਾਨੀ ਕਰਕੇ ਪਛਤਾ ਰਿਹਾ ਸੀ ।
D. ਉਸਦਾ ਕੁਹਾੜਾ ਪਾਣੀ ਵਿੱਚ ਡਿੱਗ ਪਿਆ ਸੀ ।

13. ਕੁਹਾੜਾ ਨਦੀ ਵਿੱਚ ਕਿਵੇਂ ਡਿੱਗ ਪਿਆ ?

A. ਕੁਹਾੜਾ ਬਹੁਤ ਭਾਰਾ ਸੀ ।
B. ਕੁਹਾੜੇ ਦਾ ਦਸਤਾ ਟੁੱਟ ਗਿਆ ਸੀ ।
C. ਲੱਕੜਹਾਰੇ ਨੇ ਜਾਣ ਬੁੱਝ ਕੇ ਸੁੱਟਿਆ ਸੀ ।
D. ਲੱਕੜਹਾਰੇ ਕੋਲੋਂ ਗਲਤੀ ਨਾਲ ਡਿੱਗ ਪਿਆ ਸੀ ।

14. ਪਾਣੀ ਵਿਚੋਂ ਕੌਣ ਨਿਕਲਿਆ ?

A. ਮੱਛੀ
B. ਦੇਵਤਾ
C. ਮਗਰਮੱਛ
D. ਲੱਕੜਹਾਰਾ

15. ਦੇਵਤੇ ਨੇ ਪਾਣੀ ਵਿੱਚੋਂ ਸਭ ਤੋਂ ਪਹਿਲਾਂ ਕੀ ਕੱਢਿਆ ?

A. ਲੋਹੇ ਦਾ ਕੁਹਾੜਾ
B. ਸੋਨੇ ਦਾ ਕੁਹਾੜਾ
C. ਚਾਂਦੀ ਦਾ ਕੁਹਾੜਾ
D. ਲੱਕੜ ਦਾ ਕੁਹਾੜਾ

**OVER**

**THIS PAGE INTENTIONALLY BLANK**

| | |
|---|---|
| **INSTRUCTIONS:** | Answer question 2 in **Punjabi**. Your answers must be based on the passage on page 4. Complete sentences are not required. |

2. a) ਲੱਕੜਹਾਰਾ ਆਪਣੇ ਘਰ ਦਾ ਗੁਜ਼ਾਰਾ ਕਿਵੇਂ ਕਰਦਾ ਸੀ ? **(1 mark)**

______________________________________________

______________________________________________

b) ਲੱਕੜਹਾਰਾ ਉਸ ਦਿਨ ਲੱਕੜਾਂ ਕਿਥੋਂ ਕੱਟ ਰਿਹਾ ਸੀ ? **(1 mark)**

______________________________________________

______________________________________________

c) ਦੇਵਤੇ ਨੇ ਪਹਿਲਾਂ ਸੋਨੇ ਅਤੇ ਚਾਂਦੀ ਦਾ ਕੁਹਾੜਾ ਕਿਉਂ ਲਿਆਂਦਾ ? **(1 mark)**

______________________________________________

______________________________________________

d) ਲੱਕੜਹਾਰੇ ਨੇ ਪਹਿਲਾਂ ਸੋਨੇ ਅਤੇ ਚਾਂਦੀ ਦਾ ਕੁਹਾੜਾ ਲੈਣ ਤੋਂ ਨਾਂਹ ਕਿਉਂ ਕੀਤੀ ? **(1 mark)**

______________________________________________

______________________________________________

e) ਦੇਵਤੇ ਨੇ ਲੱਕੜਹਾਰੇ ਨੂੰ ਤਿੰਨੋਂ ਹੀ ਕੁਹਾੜੇ ਕਿਉਂ ਦੇ ਦਿੱਤੇ ? **(1 mark)**

______________________________________________

______________________________________________

## SECTION 4: FICTION (DRAMA)

**Value: 10 marks** **Suggested Time: 15 minutes**

| | |
|---|---|
| **INSTRUCTIONS:** | Read the following drama carefully. For questions 16 to 20, select the **best** answer and record your choice on the Response Form provided. |

**(ਪੰਮੀ ਆਪਣੇ ਕਮਰੇ ਵਿੱਚ ਦੋ ਤਿੰਨ ਕਿਤਾਬਾਂ ਖੋਲ੍ਹੀ ਬੈਠਾ ਹੈ ।**
**ਉਸਦੇ ਆਸੇ ਪਾਸੇ ਹੋਰ ਕਿਤਾਬਾਂ ਵੀ ਖਿਲਰੀਆਂ ਪਈਆਂ ਹਨ ।)**

ਸ਼ਾਨ : ਤੁਸੀਂ ਕੀ ਕਰ ਰਹੇ ਹੋ ?

ਪੰਮੀ : ਕੁਝ ਨਾ ਪੁੱਛੋ ਵੀਰ ਜੀ , ਇਸ ਵਾਰ ਮੈਂ ਚਾਰ ਕੋਰਸ ਲਏ ਹੋਏ ਹਨ । ਇਸ ਹਿਸਟਰੀ ਦੇ ਕੋਰਸ ਨੇ ਤਾਂ ਮੇਰੀ ਬੱਸ ਹੀ ਕਰਵਾਈ ਪਈ ਹੈ ।

ਸ਼ਾਨ : ਹਾਂ, ਮੈਨੂੰ ਯਾਦ ਹੈ ਜਦੋਂ ਮੈਂ ਇਹ ਕੋਰਸ ਕੀਤਾ ਸੀ । ਬਹੁਤ ਕੰਮ ਸੀ ਇਸ ਕੋਰਸ ਦਾ । ਹੋਰ ਕਿਹੜੇ ਕੋਰਸ ਲਏ ਹੋਏ ਹਨ ਤੁਸੀਂ ?

ਪੰਮੀ : ਇਸ ਤੋਂ ਇਲਾਵਾ ਸਾਈਕਾਲੋਜੀ, ਹਿਸਾਬ ਅਤੇ ਕਰੀਮੀਨਾਲੋਜੀ ਦਾ ਇੱਕ ਇੱਕ ਕੋਰਸ ਹੈ ।

ਸ਼ਾਨ : ਅੱਛਾ !

ਪੰਮੀ : ਤੁਸੀਂ ਕੀ ਕਰ ਰਹੇ ਹੋ ਅੱਜ ਕੱਲ ?

ਸ਼ਾਨ : ਵਧੀਆ ਸੁਆਲ ਹੈ । ਮੈਂ ਪੂਰਾ ਸਮਾਂ ਸਕੂਲ ਪੜ੍ਹਾਉਣ ਜਾਂਦਾ ਹਾਂ । ਫਿਰ ਬਿੱਟੂ ਨੂੰ ਉਸਦੀ ਹਾਕੀ ਅਤੇ ਬਾਸਕਟਬਾਲ ਦੀ ਪ੍ਰੈਕਟਿਸ ਲਈ ਲੈ ਕੇ ਜਾਣਾ ਹੁੰਦਾ ਹੈ । ਇਸ ਤੋਂ ਇਲਾਵਾ ਮੈਂ ਸ਼ਾਮ ਨੂੰ ਇੱਕ ਕੋਰਸ ਵੀ ਲਿਆ ਹੋਇਆ ਹੈ ।

ਪੰਮੀ : ਹੂੰ. . . (ਸਿਰ ਹਿਲਾਉਂਦਾ ਹੈ ।) ਤੁਸੀਂ ਉੱਧਰ ਗੁੱਡੀ ਭੈਣ ਜੀ ਵੱਲ ਜਾ ਆਏ ਸੀ ? ਮੰਮੀ ਕਹਿੰਦੇ ਸੀ ਕਿ ਆਪਣੇ ਭਰਾ ਨੂੰ ਯਾਦ ਕਰਵਾ ਦੇਵੀਂ ਉੱਧਰ ਜਾਣ ਲਈ ।

ਸ਼ਾਨ : (ਹੈਰਾਨ ਹੁੰਦਾ ਹੋਇਆ) ਗੁੱਡੀ ਵੱਲ ਜਾਣ ਲਈ ਕਹਿੰਦੇ ਸੀ ਮੰਮੀ ! ਕਿਉਂ ?

ਪੰਮੀ : ਤੁਹਾਨੂੰ ਨਹੀਂ ਪਤਾ ? ਉਨ੍ਹਾਂ ਦੀ ਸੱਸ (mother-in-law) ਬੀਮਾਰ ਹੈ । ਪੀਲੀਆ (jaundice) ਹੋਇਆ ਹੈ ।

ਸ਼ਾਨ : ਓਹ ਸੱਚੀਂ ! ਅੱਜ ਸ਼ਾਮੀਂ ਤਾਂ ਨਹੀਂ ਪਰ ਕੱਲ ਸਵੇਰੇ ਮੈਂ ਜ਼ਰੂਰ ਉਧਰੋਂ ਹੋ ਆਵਾਂਗਾ ।

ਪੰਮੀ : ਚੰਗੀ ਗੱਲ ਹੈ ।

ਸ਼ਾਨ: ਚੰਗਾ ਤੂੰ ਤਾਂ ਆਪਣੀ ਪੜ੍ਹਾਈ ਕਰ ਤੇ ਮੈਂ ਚਲਦਾ ਹਾਂ । ਬਿੱਟੂ ਦੇ ਹਾਈ ਸਕੂਲ ਜਾਣਾ ਹੈ । ਉਨ੍ਹਾਂ ਦੀ ਅੱਜ ਪੇਰੈਂਟ ਟੀਚਰ ਮੀਟਿੰਗ ਹੈ ਸੋ ਮੈਂ ਤੇ ਉਹਦੀ ਮੰਮੀ ਅੱਜ ਸ਼ਾਮੀਂ ਉੱਥੇ ਜਾ ਰਹੇ ਹਾਂ ।

ਪੰਮੀ : ਚੰਗਾ ਵੀਰ ਜੀ ।

**(ਸ਼ਾਨ ਕਮਰੇ 'ਚੋਂ ਬਾਹਰ ਚਲਾ ਜਾਂਦਾ ਹੈ ।)**

16. ਪੰਮੀ ਨੇ ਕਿੰਨੇ ਕੋਰਸ ਲਏ ਹੋਏ ਹਨ ?

A. ਇੱਕ
B. ਦੋ
C. ਤਿੰਨ
D. ਚਾਰ

17. ਪੰਮੀ ਨੂੰ ਸਾਰਿਆਂ ਨਾਲੋਂ ਔਖਾ ਕੋਰਸ ਕਿਹੜਾ ਲਗਦਾ ਹੈ ?

A. ਹਿਸਾਬ ਦਾ
B. ਹਿਸਟਰੀ ਦਾ
C. ਸਾਈਕਾਲੋਜੀ ਦਾ
D. ਕਰੀਮੀਨਾਲੋਜੀ ਦਾ

18. ਸ਼ਾਨ ਕੀ ਕੰਮ ਕਰਦਾ ਹੈ ?

A. ਹਾਕੀ ਕੋਚ ਹੈ
B. ਸਕੂਲ ਪੜ੍ਹਾਉਂਦਾ ਹੈ
C. ਬਾਸਕਟਬਾਲ ਕੋਚ ਹੈ
D. ਯੂਨੀਵਰਸਿਟੀ ਪੜ੍ਹਾਉਂਦਾ ਹੈ

19. ਸ਼ਾਨ ਪੰਮੀ ਦਾ ਕੀ ਲਗਦਾ ਹੈ ?

A. ਸੱਸ
B. ਭੈਣ
C. ਭਰਾ
D. ਡੈਡੀ

20. ਬਿੱਟੂ ਕੌਣ ਹੈ ?

A. ਪੰਮੀ ਦਾ ਭਰਾ
B. ਸ਼ਾਨ ਦਾ ਮੁੰਡਾ
C. ਗੁੱਡੀ ਦਾ ਮੁੰਡਾ
D. ਗੁੱਡੀ ਦਾ ਘਰਵਾਲਾ

**OVER**

**THIS PAGE INTENTIONALLY BLANK**

**INSTRUCTIONS:** Answer questions 3 to 6 in **Punjabi**. Your answers must be based on the drama on page 8. Complete sentences are not required.

3. ਬਿੱਟੂ ਕਿਹੜੀਆਂ ਕਿਹੜੀਆਂ ਖੇਡਾਂ ਵਿੱਚ ਹਿੱਸਾ ਲੈਂਦਾ ਹੈ? **(1 mark)**

4. ਸ਼ਾਨ ਨੇ ਗੁੱਡੀ ਵੱਲ ਕਿਉਂ ਜਾਣਾ ਹੈ ? **(1 mark)**

5. a) ਸ਼ਾਨ ਗੁੱਡੀ ਵੱਲ ਕਦੋਂ ਜਾਵੇਗਾ ? **(1 mark)**

   b) ਸ਼ਾਨ ਗੁੱਡੀ ਵੱਲ ਉਸੇ ਦਿਨ ਹੀ ਕਿਉਂ ਨਹੀਂ ਜਾ ਸਕਦਾ ? **(1 mark)**

6. ਬਿੱਟੂ ਦੀ ਪੇਰੈਂਟ ਟੀਚਰ ਮੀਟਿੰਗ ਤੇ ਕੌਣ ਕੌਣ ਜਾ ਰਿਹਾ ਹੈ ? **(1 mark)**

**OVER**

**Value: 10 marks** **Suggested Time: 20 minutes**

**INSTRUCTIONS:** Read the following article carefully. For questions 21 to 25, select the **best** answer and record your choice on the Response Form provided.

## ਨੌਜਵਾਨ ਵਿਦਿਆਰਥੀ ਆਟਵਾ ਨੂੰ

**ਡੰਕਨ ( ਬੀ. ਸੀ. )** ਇਸ ਸ਼ਹਿਰ ਦੇ ਕੌਵੀਚਾਨ ਸੈਕੰਡਰੀ ਸਕੂਲ ਦਾ ਬਾਰ੍ਹਵੀਂ ਕਲਾਸ ਦਾ ਵਿਦਿਆਰਥੀ ਰਮਣੀਕ ਸਿੰਘ ਪੱਡਾ ਇਥੋਂ ਬੀਤੇ ਵੀਰਵਾਰ ਕੈਨੇਡਾ ਦੀ ਰਾਜਧਾਨੀ (capital) ਆਟਵਾ ਨੂੰ ਰਵਾਨਾ ਹੋ ਗਿਆ। ਉਥੇ ਉਹ ਮਾਰਚ 15 ਤੋਂ ਮਾਰਚ 19 ਤੱਕ ਹੋਣ ਵਾਲੇ ਨੌਜਵਾਨ ਕੈਨੇਡੀਅਨ ਦੇ ਫੋਰਮ (forum) ਵਿੱਚ ਹਿੱਸਾ ਲਵੇਗਾ। ਇਸ ਫੋਰਮ ਲਈ ਬੀ. ਸੀ. ਦੇ 63 ਸਕੂਲਾਂ ਵਿਚੋਂ 78 ਵਿਦਿਆਰਥੀਆਂ ਨੇ ਅਪਲਾਈ ਕੀਤਾ ਸੀ। ਇਨ੍ਹਾਂ ਵਿਚੋਂ ਕੇਵਲ ਰਮਣੀਕ ਪੱਡਾ ਨੂੰ ਹੀ ਇਸ ਵਿੱਚ ਹਿੱਸਾ ਲੈਣ ਲਈ ਚੁਣਿਆ ਗਿਆ। ਨੌਜਵਾਨ ਪੱਡਾ ਦੀ ਚੋਣ ਸਕੂਲ ਅਤੇ ਕਮਿਉਨਿਟੀ ਲਈ ਬਹੁਤ ਮਾਣ ਵਾਲੀ ਗੱਲ ਹੈ।

ਰਮਣੀਕ ਸ: ਅਮਰੀਕ ਸਿੰਘ ਅਤੇ ਬੀਬੀ ਬੀਰ-ਇੰਦਰ ਕੌਰ ਪੱਡਾ ਦਾ ਪੁੱਤਰ ਹੈ। ਉਹ ਡੰਕਨ ਵਿੱਚ ਹੀ ਜੰਮਿਆ ਪਲਿਆ ਹੈ। ਇਸ ਵਿਦਿਆਰਥੀ ਦੀ ਫੋਰਮ ਵਿੱਚ ਹਿੱਸਾ ਲੈਣ ਲਈ ਸਿਫ਼ਾਰਸ਼ (recommendation) ਉਸ ਦੇ ਸਕੂਲ ਟੀਚਰਾਂ ਨੇ ਕੀਤੀ ਸੀ ਕਿਉਂਕਿ ਇਸ ਬੱਚੇ ਦੀਆਂ ਯੋਗਤਾਵਾਂ (qualifications) ਸਭ ਤੋਂ ਚੰਗੀਆਂ ਸਨ। ਰਮਣੀਕ ਸਿੰਘ ਆਪਣੇ ਸਕੂਲ ਦੇ ਵਿਦਿਆਰਥੀਆਂ ਦੀ ਕੌਂਸਲ ਦਾ ਮੈਂਬਰ ਹੈ। ਉਹ ਆਟਵਾ ਦੇ ਹਾਊਸ ਆਫ ਕਾਮਨਜ਼ ਵਿੱਚ ਇੱਕ ਹਫ਼ਤਾ ਰਹਿ ਕੇ ਹਾਊਸ ਦੀ ਪੂਰੀ ਕਾਰਵਾਈ ਨੂੰ ਦੇਖ ਸਕੇਗਾ। ਉਸ ਨੂੰ ਪ੍ਰਧਾਨ ਮੰਤਰੀ, ਸਪੀਕਰ, ਸੈਨੇਟਰਜ਼ ਅਤੇ ਹੋਰ ਮੰਤਰੀਆਂ ਨੂੰ ਮਿਲਣ ਅਤੇ ਸਵਾਲ ਪੁੱਛਣ ਦਾ ਮੌਕਾ ਮਿਲੇਗਾ। ਉਸਨੂੰ ਇਹ ਵੀ ਪਤਾ ਲੱਗੇਗਾ ਕਿ ਸਰਕਾਰ ਕਿਵੇਂ ਕੰਮ ਕਰਦੀ ਹੈ ਅਤੇ ਕਾਨੂੰਨ ਕਿਵੇਂ ਬਣਾਏ ਜਾਂਦੇ ਹਨ।

*Punjabi Tribune*, March 18-24, 1999

21. ਰਮਣੀਕ ਸਿੰਘ ਕਿਹੜੇ ਸ਼ਹਿਰ ਵਿੱਚ ਰਹਿੰਦਾ ਹੈ ?

A. ਡੰਕਨ
B. ਟਰੋਂਟੋ
C. ਬੀ. ਸੀ.
D. ਵੈਨਕੂਵਰ

22. ਨੌਜਵਾਨ ਕੈਨੇਡੀਅਨ ਫੋਰਮ ਵਿੱਚ ਹਿੱਸਾ ਲੈਣ ਲਈ ਰਮਣੀਕ ਸਿੰਘ ਕਿਥੇ ਜਾ ਰਿਹਾ ਹੈ ?

A. ਟਰੋਂਟੋ
B. ਬੀ. ਸੀ.
C. ਆਟਵਾ
D. ਇੰਡੀਆ

23. ਨੌਜਵਾਨ ਕੈਨੇਡੀਅਨ ਫੋਰਮ ਕਦੋਂ ਸ਼ੁਰੂ ਹੋ ਰਿਹਾ ਹੈ ?

A. 10 ਮਾਰਚ
B. 12 ਮਾਰਚ
C. 15 ਮਾਰਚ
D. 19 ਮਾਰਚ

24. ਰਮਣੀਕ ਸਿੰਘ ਨੂੰ ਕਿਸ ਕੰਮ ਲਈ ਚੁਣਿਆ ਗਿਆ ਹੈ ?

A. ਸੈਨੇਟਰ ਲਈ
B. ਪ੍ਰਧਾਨ ਮੰਤਰੀ ਲਈ
C. ਨੌਜਵਾਨ ਕੈਨੇਡੀਅਨ ਫੋਰਮ ਲਈ
D. ਸਕੂਲ ਦੀ ਵਿਦਿਆਰਥੀ ਕਮੇਟੀ ਦੇ ਪਰੈਜ਼ੀਡੈਂਟ ਲਈ

25. ਇਸ ਫੋਰਮ ਵਿੱਚ ਭਾਗ ਲੈਣ ਲਈ ਕਿੰਨੇ ਵਿਦਿਆਰਥੀਆਂ ਨੇ ਅਪਲਾਈ ਕੀਤਾ ਸੀ ?

A. ਪੰਦਰਾਂ
B. ਤਿਰਤਾਲੀ
C. ਤਰੇਂਹਠ
D. ਅਠੱਤਰ

**OVER**

**THIS PAGE INTENTIONALLY BLANK**

| | |
|---|---|
| **INSTRUCTIONS:** | Answer questions 7 to 9 in **Punjabi**. Your answers must be based on the article on page 12. Complete sentences are not required. |

7. ਰਮਣੀਕ ਸਿੰਘ ਪੱਡਾ ਕਿਹੜੇ ਸਕੂਲ ਅਤੇ ਕਿਹੜੀ ਕਲਾਸ ਵਿੱਚ ਪੜ੍ਹਦਾ ਹੈ ? **(1 mark)**

_______________________________________________

_______________________________________________

8. ਰਮਣੀਕ ਸਿੰਘ ਦੀ ਸਿਫਾਰਸ਼ ਕਿਸ ਨੇ ਕੀਤੀ ਤੇ ਕਿਉਂ ? **(1 mark)**

ਕਿਸ ਨੇ : _______________________________________________

_______________________________________________

ਕਿਉਂ : _______________________________________________

_______________________________________________

9. ਕੋਈ ਤਿੰਨ ਮੌਕੇ ਲਿਖੋ ਜਿਨ੍ਹਾਂ ਵਿੱਚ ਰਮਣੀਕ ਸਿੰਘ ਇਸ ਫ਼ੋਰਮ ਦੌਰਾਨ ਹਿੱਸਾ ਲਏਗਾ ? **(3 marks)**

_______________________________________________

_______________________________________________

_______________________________________________

_______________________________________________

**OVER**

**SECTION 6: NON-FICTION (AUTHENTIC DOCUMENT)**

**Value: 10 marks** **Suggested Time: 20 minutes**

**INSTRUCTIONS:** Read the following information carefully. For questions 26 to 30, select the **best** answer and record your choice on the Response Form provided.



ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

ਸਰੀ ਤੇ ਡੈਲਟਾ ਨਿਵਾਸੀਆਂ ਲਈ ਖੁੱਲ੍ਹ ਗਿਆ

# ਰੇਨਬੋ ਪਾਰਟੀ ਰੈਂਟਲਜ਼

## 12345-99 ਐਵਿਨਿਯੂ ਸਰੀ, ਬੀ. ਸੀ.

ਇਥੋਂ ਅਖੰਡ-ਪਾਠ, ਜਨਮ ਦਿਨ, ਵਿਆਹ ਸ਼ਾਦੀਆਂ, ਸਪੈਸ਼ਲ ਪ੍ਰੋਗਰਾਮਾਂ ਅਤੇ ਪਾਰਟੀਆਂ ਵਾਸਤੇ ਸਭ ਤੋਂ ਘੱਟ ਰੇਟ ਤੇ ਲੈ ਸਕਦੇ ਹੋ:

- ਭਾਂਡੇ
- ਸਪੀਕਰ
- ਮੇਜ਼ ਕੁਰਸੀਆਂ
- ਵਿਆਹੁਤਾ ਜੋੜੇ ਲਈ ਕੁਰਸੀਆਂ
- ਸਜਾਵਟੀ (decorative) ਸਮਾਨ
- ਸੁਆਗਤੀ (welcoming) ਗੇਟ ਅਤੇ
- ਹਰ ਸਾਈਜ਼ ਦੇ ਟੈਂਟ $(10' \times 10')$ ਤੋਂ ਲੈ ਕੇ $(20' \times 40')$ ਤੱਕ ਅਤੇ

ਹੋਰ ਬਹੁਤ ਸਾਰਾ ਸਮਾਨ ਜਿਵੇਂ ਟੇਬਲ ਕਲਾਥ, ਵਿਆਹ ਵਾਲੇ ਹਾਰ, ਫੁੱਲ, ਲਾਈਟਾਂ, ਚੁਲ੍ਹੇ, ਆਰਟੀਫੀਸ਼ਲ ਜਿਊਲਰੀ ਆਦਿ

## 500 ਬੰਦਿਆਂ ਤੱਕ ਦੀ ਪਾਰਟੀ ਦਾ ਪੂਰਾ ਪੂਰਾ ਪ੍ਰਬੰਧ

ਅਸੀਂ ਹਰ ਸਾਲ ਆਪਣੇ ਮੁਨਾਫੇ (profit) ਦਾ 10% ਬੱਚਿਆਂ ਦੇ ਹਸਪਤਾਲ ਨੂੰ ਦਿੰਦੇ ਹਾਂ।

ਟੈਂਟ ਦੀ ਸੈੱਟ-ਅਪ ਅਤੇ ਸਮਾਨ ਦੀ ਡਲਿਵਰੀ ਮੁਫ਼ਤ

ਵਾਜਬ (reasonable) ਰੇਟ

ਹੋਰ ਜਾਣਕਾਰੀ ਲਈ ਜੇਸਨ ਮਾਨ ਨੂੰ ਫੋਨ ਕਰੋ: **1-604-555-2222**

26. ਨਵਾਂ ਰੇਨਬੋ ਪਾਰਟੀ ਰੈਂਟਲਜ਼ ਕਿਥੇ ਖੁਲਿਆ ਹੈ ?

A. ਸਰੀ ਵਿੱਚ
B. ਟੋਰੋਂਟੋ ਵਿੱਚ
C. ਵੈਨਕੂਵਰ ਵਿੱਚ
D. ਐਬਟਸਫੋਰਡ ਵਿੱਚ

27. ਰੇਨਬੋ ਪਾਰਟੀ ਰੈਂਟਲਜ਼ ਤੇ ਕਿਹੜੇ ਸਾਈਜ਼ ਦੇ ਟੈਂਟ ਮਿਲਦੇ ਹਨ ?

A. ਸਿਰਫ $(10' \times 10')$
B. ਸਿਰਫ $(10' \times 20')$
C. ਸਿਰਫ $(20' \times 40')$
D. ਉੱਪਰਲੇ ਸਾਰੇ ਹੀ ਸਾਈਜ਼ਾਂ ਦੇ

28. ਵਿਆਹ ਸ਼ਾਦੀ ਲਈ ਰੇਨਬੋ ਪਾਰਟੀ ਰੈਂਟਲਜ਼ ਤੋਂ ਕਿਹੜੀ ਕਿਹੜੀ ਚੀਜ਼ ਮਿਲ ਸਕਦੀ ਹੈ ?

A. ਭਾਂਡੇ
B. ਮੇਜ਼- ਕੁਰਸੀਆਂ
C. ਆਰਟੀਫੀਸ਼ਲ ਜਿਊਲਰੀ
D. ਉਪਰੋਕਤ ਸਾਰੀਆਂ ਹੀ ਚੀਜ਼ਾਂ

29. ਰੇਨਬੋ ਪਾਰਟੀ ਰੈਂਟਲਜ਼ ਤੋਂ ਵੱਧ ਤੋਂ ਵੱਧ ਕਿੰਨੇ ਬੰਦਿਆਂ ਦੀ ਪਾਰਟੀ ਦਾ ਪ੍ਰਬੰਧ ਹੋ ਸਕਦਾ ਹੈ ?

A. ਦੋ ਸੌ
B. ਤਿੰਨ ਸੌ
C. ਚਾਰ ਸੌ
D. ਪੰਜ ਸੌ

30. ਹੇਠ ਲਿਖੀਆਂ ਵਿਚੋਂ ਕਿਹੜਾ ਸਮਾਨ ਰੇਨਬੋ ਪਾਰਟੀ ਰੈਂਟਲਜ਼ ਤੋਂ ਨਹੀਂ ਮਿਲਦਾ ?

A. ਟੈਂਟ
B. ਫੁੱਲ
C. ਸਪੀਕਰ
D. ਵੈਡਿੰਗ ਡਰੈੱਸ

**OVER**

**INSTRUCTIONS:** Answer questions 10 to 13 in **Punjabi**. Your answers must be based on the information on page 16. Complete sentences are not required.

10. ਰੇਨਬੋ ਪਾਰਟੀ ਰੈਂਟਲਜ਼ ਤੋਂ ਟੈਂਟ ਕਿਰਾਏ ਤੇ ਲੈਣ ਦੇ ਕੀ ਦੋ ਫਾਇਦੇ ਹਨ ? **(1 mark)**

11. ਤੁਸੀਂ ਆਪਣੇ ਦੋਸਤ ਜਾਂ ਸਹੇਲੀ ਦੀ ਜਨਮ ਦਿਨ ਦੀ ਪਾਰਟੀ ਦਾ ਇੰਤਜ਼ਾਮ ਕਰਨ ਲਈ ਰੇਨਬੋ ਪਾਰਟੀ ਰੈਂਟਲਜ਼ ਤੋਂ ਕੀ ਕੀ ਲੈ ਸਕਦੇ ਹੋ ? ਕੋਈ ਦੋ ਚੀਜ਼ਾਂ ਦੇ ਨਾਮ ਲਿਖੋ । **(2 marks)**

12. ਰੇਨਬੋ ਪਾਰਟੀ ਰੈਂਟਲਜ਼ ਵਾਲੇ ਬੀਮਾਰ ਬੱਚਿਆਂ ਦੀ ਸਹਾਇਤਾ ਕਿਵੇਂ ਕਰਦੇ ਹਨ ? **(1 mark)**

13. ਰੇਨਬੋ ਪਾਰਟੀ ਰੈਂਟਲਜ਼ ਬਾਰੇ ਹੋਰ ਜਾਣਕਾਰੀ ਲੈਣ ਲਈ ਕੀ ਕਰੋਗੇ ? **(1 mark)**

## PART D: INTERPERSONAL COMMUNICATION – WRITTEN EXPRESSION
## SECTION 7: STORY COMPLETION

**Value: 10 marks** **Suggested Time: 10 minutes**

| | |
|---|---|
| **INSTRUCTIONS:** | Using approximately 60 words, complete the following story in **Punjabi**. Avoid repetition and lists. Marks will be awarded for content and for grammatical correctness. |

14. ਮੈਂ ਪੂਰੇ ਅੱਠ ਵਜੇ ਘਰੋਂ ਨਿਕਲੀ / ਨਿਕਲਿਆ। ਅਜੇ ਦਸ ਕੁ ਕਦਮ ਹੀ ਗਈ / ਗਿਆ ਹੋਵਾਂਗੀ / ਹੋਵਾਂਗਾ ਕਿ ਕਿਸੇ ਨੇ ਮੈਂਨੂੰ ਆਵਾਜ਼ ਮਾਰੀ। ਮੈਂ ਪਿੱਛੇ ਮੁੜ ਕੇ ਦੇਖਿਆ ਤਾਂ . . . **(10 marks)**

______________________________________________________________________

______________________________________________________________________

______________________________________________________________________

______________________________________________________________________

______________________________________________________________________

______________________________________________________________________

______________________________________________________________________

______________________________________________________________________

______________________________________________________________________

______________________________________________________________________

**OVER**

## SECTION 8: LETTER

**Value: 10 marks** **Suggested Time: 10 minutes**

| | |
|---|---|
| **INSTRUCTIONS:** | Write a short letter in **Punjabi**, using approximately 60 words, on the topic given below. Avoid repetition and lists. Marks will be awarded for content and for grammatical correctness. |

15. Write a letter to your city's mayor about the condition and hazards of a vacant lot in your area that is full of dangerous objects. **(10 marks)**

**Note:** Letter should include appropriate salutation and closing phrases.
Students must avoid identifying themselves, their schools, or school districts.

## SECTION 9: MAP DIRECTIONS

**Value: 10 marks** **Suggested Time: 10 minutes**

| | |
|---|---|
| **INSTRUCTIONS:** | In complete **Punjabi** sentences, using approximately 60 words, respond to the topic given below. Avoid repetition and lists. Marks will be awarded for content and for grammatical correctness. |

16. On Sunday, Pritam and I left his home and went to the zoo ( ਚਿੜੀਆ ਘਰ ). Afterwards, we went to the Gurudwara and then stopped at the post office to pick up some mail. I dropped him off at the airport for his flight to India. Describe the route we took that day and name the landmarks we passed. **(10 marks)**




________________________________________________

________________________________________________

________________________________________________

________________________________________________

________________________________________________

________________________________________________

________________________________________________

________________________________________________

**END OF EXAMINATION**